PUNJABI

(ਇਕੁਐਲਿਟੀ ਸਕਾਟਲੈਂਡ - ਬਜ਼ੁਰਗ ਲੋਕਾਂ ਲਈ ਹਾਊਸਿੰਗ)

NEWSLETTER (ਸੂਚਨਾ ਪੱਤਰ)

ਇਹ ਸੂਚਨਾ ਪੱਤਰ ਚਾਈਨੀਜ਼ (ਕੈਨਟੋਨੀਜ਼), ਹਿੰਦੀ, ਉਰਦੂ, ਅਰਬੀ, ਬੰਗਾਲੀ ਅਤੇ ਅੰਗ੍ਰੇਜ਼ੀ ਵਿੱਚ ਵੀ ਉਪਲਬਧ ਹੈ।

*ਤੁਹਾਨੂੰ ਸ਼ੁਭ ਅਤੇ ਖੁਸ਼ਹਾਲ ਨਵੇਂ ਸਾਲ ਦੀ ਵਧਾਈ ਪੇਸ਼ ਕਰ ਰਹੇ ਹਨ*

# ਬੇਹਤਰੀਨ ਯਾਦਗਾਰੀ ਪ੍ਰੋਜੈਕਟਾਂ ਦੇ ਸਹਿਯੋਗ ਲਈ ਲਾਟਰੀ ਪੈਸਾ

ਐਸੋਸੀਏਸ਼ਨਾਂ ਨੂੰ ਖੁਸ਼ੀ ਹੈ ਐਵਾਰਡਸ ਫਾਰ ਆਲ, ਬਿਗ ਲਾਟਰੀ ਕੋਲ ਫੰਡ ਪ੍ਰਾਪਤ ਕਰਕੇ, ਇਕ ਖਾਸ ਪ੍ਰੋਜੈਕਟ ਲਈ, BME ਬਜ਼ੁਰਗ ਲੋਕਾਂ ਦੇ ਅਨੁਭਵ ਅਤੇ ਯਾਦਾਂ ਨੂੰ ਰਿਕਾਰਡ ਕਰਨ ਲਈ। ਜਦੋ ਉਹ ਸ਼ੁਰੂ ਵਿੱਚ ਸਕਾਟਲੈਂਡ ਵਿੱਚ ਆਏ ਸਨ, ਪ੍ਰੋਜੈਕਟ ਉਨਾਂ ਔਕੜਾਂ ਤੇ ਭੈਅ ਨੂੰ ਰਿਕਾਰਡ ਕਰੇਗਾ ਅਤੇ ਉਨਾਂ ਦੀਆਂ ਪ੍ਰਾਪਤੀਆਂ ਨੂੰ ਵੀ ਮਨਾਏਗਾ। ਇਸ ਵਿੱਚ ਉਹ ਵਿਅਕਤੀਗਤ ਕਹਾਣੀਆਂ ਸ਼ਾਮਲ ਹੋਣਗੀਆਂ ਕਿ ਉਨਾਂ ਨੇ ਚੁਣੌਤੀਆਂ ਦਾ ਕਿਵੇਂ ਸਾਹਮਣਾ ਕੀਤਾ ਜਿਸ ਵਿੱਚ ਹੋਵੇਗਾ ਭਾਸ਼ਾ, ਪੜਾਈ ਅਤੇ ਆਂਕੜੇ ਅਤੇ ਉਨਾਂ ਨੇ ਕਿਵੇਂ ਨਵੇਂ ਸਭਿਆਚਾਰਕ ਮਾਹੌਲ ਨੂੰ ਅਪਣਾਇਆ।

ਅਸੀ ਕਿਸੇ ਨਾਲ ਵੀ ਗੱਲ ਕਰਨ ਵਿੱਚ ਇੱਛੁਕ ਹਾਂ ਜਿਨਾਂ ਕੋਲ ਦੱਸਣ ਲਈ ਵਧੀਆ ਕਹਾਣੀ ਹੈ ਅਤੇ ਉਨਾਂ ਦੀਆਂ ਯਾਦਾਂ ਨੂੰ ਸਾਂਝਾ ਕਰਨਾ ਚਾਹਾਂਗੇ। ਅਸੀ ਅਨੁਵਾਦ ਅਤੇ ਪ੍ਰਗਟਾਅ ਵਿੱਚ ਮਦਦ ਪ੍ਰਦਾਨ ਕਰਾਂਗੇ ਜਿੱਥੇ ਲੋੜ ਪਵੇ। ਅਸੀਂ ਯਾਦਗਾਰਾਂ ਇਕੱਠੇ ਕਰਨ ਵਿੱਚ ਵੀ ਇੱਛੁਕ ਹਾਂ ਜਿਵੇਂ ਪੁਰਾਣੀਆਂ ਪਰਿਵਾਰਿਕ ਫੋਟੋਆਂ, ਪਛਾਣ ਪੱਤਰ, ਵਹੀ ਖਾਤੇ, ਜਾਂ ਟਿਕਟਾਂ, ਕਿਸੇਂ ਵੀ ਚੀਜ਼ ਦੀ ਚੰਗੀ ਤਰਾਂ ਸੰਭਾਲ ਕੀਤੀ ਜਾਵੇਗੀ, ਫੋਟੋ ਲਈ ਜਾਵੇਗੀ ਅਤੇ ਚੰਗੀ ਹਾਲਤ ਵਿੱਚ ਵਾਪਸ ਕੀਤੀ ਜਾਵੇਗੀ।

ਜੇ ਤੁਹਾਡੇ ਕੋਲ ਦੱਸਣ ਲਈ ਕੋਈ ਕਹਾਣੀ ਹੈ ਜਾਂ ਕਿਸੇ ਹੋਰ ਦੇ ਬਾਰੇ ਪਤਾ ਹੈ ਕਿਰਪਾ ਕਰਕੇ Rohini ਨਾਲ ਇਸ ਨੰਬਰ ਤੇ 0131 444 4950 ਸੰਪਰਕ ਕਰੋ।

## ਇਕੁਅਲ ਓਪਰਚਿਊਨਿਟੀਜ਼ ਪ੍ਰੋਗਰਾਮ ਲਈ ਇਨਾਮਾਂ ਦੀ ਪਛਾਣ

ਦੀ ਐਸੋਸੀਏਸ਼ਨ ਇਕੁਅਲ ਓਪਰਚਿਊਨਿਟੀਜ਼ ਪ੍ਰੋਗਰਾਮ ਨੂੰ ਖੁਸ਼ੀ ਹੋਈ ਕਿ ਸਾਡੇ ਕੰਮਾਂ ਨੂੰ ਵੇਖਦੇ ਹੋਏ ਉਸਨੂੰ ਕਈ ਸਤਿਕਾਰਿਤ ਕੌਮੀ ਇਨਾਮਾਂ ਲਈ ਚੁਣਿਆ ਗਿਆ ਹੈ।

ਜਿਨਾਂ ਇਨਾਮਾਂ ਲਈ ਸਾਨੂੰ ਚੁਣਿਆ ਗਿਆ ਹੈ, ਉਸ ਵਿਚ ਸ਼ਾਮਿਲ ਹੈ: UK ਹਾਉਸਿੰਗ ਐਵਾਰਡ 2008 - ਦੋ ਸ਼੍ਰੇਣੀਆਂ ਵਿੱਚ:

- ਸਕਾਟਲੈਂਡ ਵਿੱਚ ਹਾਉਸਿੰਗ ਬਾਰੇ ਮਹੱਤਵਪੂਰਨ ਯੋਗਦਾਨ ਅਤੇ
- ਵੱਡੇ ਕਮਿਊਨਿਟੀ ਏਜੰਡੇ ਵਿੱਚ ਯੋਗਦਾਨ ਲਈ।

ਸਾਨੂੰ ਗਾਰਡੀਅਨ ਪਬਲਿਕ ਸੈਕਟਰ ਐਵਾਰਡਸ ਦੀ ਬਜ਼ੁਰਗ ਲੋਕਾਂ ਦੀ ਸੰਭਾਲ ਸ਼੍ਰੇਣੀ ਲਈ ਵੀ ਚੁਣਿਆ ਗਿਆ।

ਅੰਕ 17
ਜਨਵਰੀ 2009

ਅੰਦਰ...


- ਐਕਟਿਵ ਏਜਿੰਗ ਕਾਨਫਰੰਸ ਜਰਮਨੀ
- ਐਵਾਰਡ ਰਿਕਾਗਨਿਸ਼ਨ
- ਹੈਪੀ ਟੂ ਟਰਾਂਸਲੇਟ
- ਓਲਡਰ ਪੀਪਲ ਸਰਵਿਸਿਸ ਡਿਵਲਪਮੈਂਟ ਪ੍ਰੋਜੈਕਟ
- ਜੌਬ ਓਪਰਚਿਊਨਿਟੀਜ਼ ਸਪੋਰਟ ਪ੍ਰੋਜੈਕਟ


Trust More than just a home

HANOVER SCOTLAND

BIELD INDEPENDENCE FOR OLDER PEOPLE

# ਇਕੁਅਲ ਓਪਰਚਿਊਨਿਟੀਜ਼ ਟੀਮ ਨੇ ਪ੍ਰਮੁੱਖ ਯੂਰੋਪੀਅਨ ਏਜਿੰਗ ਚਰਚਾ ਵਿੱਚ ਹਿੱਸਾ ਲਿਆ

## ਯੂਰੋਪ ਭਰ ਵਿੱਚ ਆਵਾਸੀ ਬਜ਼ੁਰਗਾਂ ਦੀ ਕ੍ਰਿਆਸ਼ੀਲ ਏਜਿੰਗ - ਕਾਨਫਰੰਸ, ਜਰਮਨੀ

ਪਹਿਲੀ ਯੂਰੋਪੀਅਨ ਕਾਨਫਰੰਸ “ਨਿਊ ਫੇਸ ਫਾਰ ਯੂਰੋਪ” ਮਿਨਾਰਿਟੀ ਏਥਨਿਕ ਐਂਡ ਮਾਈਗ੍ਰੈਂਟ ਏਲਡਰਸ ਐਕਰਾਸ ਯੂਰੋਪ - ਫਰੌਮ ਚੈਲਿੰਜਿਸ ਟੂ ਓਪਰਚਿਊਨਿਟੀਜ਼ ਦਾ ਪ੍ਰਬੰਧ ਨਾਰਥ ਰਹਾਈਨ ਵੱਲੋ ਕੀਤਾ ਗਿਆ - ਜੋ ਕਿ ਇੰਟਰਜੇਨਰੇਸ਼ਨਲ ਅਫੇਅਰਸ, ਪਰਿਵਾਰ, ਔਰਤਾਂ ਅਤੇ ਇੰਟੀਗਰੇਸ਼ਨ ਲਈ ਜਰਮਨੀ ਦੀ ਵੇਸਟਫੇਲੀਆ ਮਿਨਿਸਟਰੀ ਹੈ।



ਕਾਨਫਰੰਸ 30.9.08 ਤੋਂ 2.10.08 ਤਕ ਵਰਲਡ ਕਾਨਫਰੰਸ ਸੈਂਟਰ, ਬੌਨ, ਜਰਮਨੀ ਵਿਖੇ ਹੋਈ।

ਸਾਡੀ ਹਾਊਸਿੰਗ ਇਕੁਅਲ ਓਪਰਚਿਊਨਿਟੀਜ਼ ਮੈਨੇਜਰ, Rohini Sharma Joshi ਨੂੰ ਮਾਈਗ੍ਰੈਂਟ ਬਜ਼ੁਰਗਾਂ ਲਈ ਗੁਣਤਾ ਹਾਊਸਿੰਗ ਸਿਧਾਂਤਾਂ ਬਾਰੇ ਬੋਲਣ ਲਈ ਸੱਦਾ ਦਿੱਤਾ ਗਿਆ ਅਤੇ ਹਾਨੋਵਰ (ਸਕਾਟਲੈਂਡ) ਹਾਊਸਿੰਗ ਐਸੋਸੀਏਸ਼ਨ ਦੀ ਚੀਫ ਐਗਜ਼ੈਕਟਿਵ Helen Murdoch, ਨੇ ਉਸਦਾ ਸਾਥ ਦਿੱਤਾ।



ਯੂਰੋਪ ਭਰ ਵਿੱਚ BME ਬਜ਼ੁਰਗ ਲੋਕਾਂ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਨਾ ਵਧੀਆ ਅਤੇ ਉਤਸਾਹ ਜਨਕ ਰਿਹਾ; ਅਤੇ ਚਰਚਾ ਵਿੱਚ ਹਿੱਸਾ ਲੈਣ ਨਾਲ ਸੇਵਾ ਮੁੱਹਈਆ ਕਰਨ ਵਿੱਚ ਸੁਧਾਰ ਹੋਇਆ।

ਕਾਨਫਰੰਸ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ www.aamee.eu ਉਤੇ ਜਾਓ

*Rohini ਅਤੇ Helen Murdoch, ਚੀਫ ਐਗਜ਼ੈਕਟਿਵ, ਹਾਨੋਵਰ (ਸਕਾਟਲੈਂਡ) ਹਾਊਸਿੰਗ ਐਸੋਸੀਏਸ਼ਨ, ਬੌਨ, ਜਰਮਨੀ ਦੀ ਕਾਨਫਰੰਸ ਵਿੱਚ।*

## ਸਾਡਾ ਸਾਰਾ ਭਵਿੱਖ; ਸਕਾਟਲੈਂਡ ਦੀ ਬਜ਼ੁਰਗ ਹੁੰਦੀ ਆਬਾਦੀ ਦੇ ਲਈ ਯੋਜਨਾ

ਏਜਿੰਗ ਇਮਪਲੀਮੈਂਟੇਸ਼ਨ ਗਰੁੱਪ ਦੇ ਨੈਸ਼ਨਲ ਫੌਰਮ ਵਿੱਚ ਬਜ਼ੁਰਗ BME ਲੋਕਾਂ ਦੀ ਨੁਮਾਇੰਦਗੀ ਕੀਤੀ ਜਾਵੇਗੀ, ਜਿਸ ਵਿੱਚ ਹਾਊਸਿੰਗ ਇਕੁਅਲ ਓਪਰਚਿਊਨਿਟੀਜ਼ ਮੈਨੇਜਰ, Rohini Sharma Joshi ਨੂੰ ਚਰਚਾ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਗਿਆ ਹੈ।

ਗਰੁੱਪ ਨੂੰ ਇੱਕ ਕ੍ਰਿਆਸ਼ੀਲ ਅਤੇ ਪਰੋ-ਐਕਟਿਵ ਥਿੰਕ ਟੈਂਕ ਵਜੋਂ ਤਿਆਰ ਕੀਤਾ ਗਿਆ ਹੈ ਜੋ ਕਿ ਸਕਾਟਲੈਂਡ ਨੂੰ ਦ੍ਰਿੜਤਾ ਨਾਲ ਏਜ ਏਜੰਡਾਂ ਵਿੱਚ ਸਭ ਤੋ ਅੱਗੇ ਰੱਖਣ ਲਈ ਕਰਾਜ਼ਨੀਤੀ ਯੋਜਨਾ ਤਿਆਰ ਕਰੇਗਾ।

# ਜੌਬ ਓਪਰਚਿਊਨਿਟੀਜ਼ ਸਪੋਰਟ ਪ੍ਰੋਜੈਕਟ ਨੇ ਨਵੀਂ ਸਫਲਤਾ ਪ੍ਰਾਪਤ ਕੀਤੀ



ਉੱਚ ਪੱਧਰ ਤੇ ਸਫਲ "ਜੌਬ ਓਪਰਚਿਊਨਿਟੀਜ਼ ਸਪੋਰਟ ਪ੍ਰੋਜੇਕਟ" (JOSP) ਰੋਜ਼ਗਾਰ ਅਤੇ ਕੈਰੀਅਰ ਵਿੱਚ ਮੁਸ਼ਕਲਾਂ ਵਿਚੋਂ ਮਦਦ ਕਰਨ ਲਈ, ਕਾਲੇ ਅਤੇ ਘੱਟ ਗਿਣਤੀ ਨਸਲੀ ਸਮੁਦਾਈਆਂ ਅਤੇ ਘਰ ਅਤੇ ਜਨਤਕ ਖੇਤਰ ਦੇ ਮਾਲਕਾਂ ਵਿੱਚ ਇੱਕ ਲਗਾਤਾਰ ਸੰਪਰਕ ਪ੍ਰਦਾਨ ਕਰ ਰਿਹਾ ਹੈ।

ਪ੍ਰੋਜੈਕਟ ਨੇ ਕਈ ਕਮਿਊਨਿਟ ਸੰਸਥਾਵਾਂ, ਹਾਊਸਿੰਗ ਤੇ ਪਬਲਿਕ ਸੈਕਟਰ ਇਮਪਲਾਇਰਾਂ ਅਤੇ ਵਿਅਕਤੀਆਂ ਨਾਲ ਸੰਪਰਕ ਸਥਾਪਿਤ ਕੀਤਾ ਹੈ ਜਿਨਾਂ ਨੂੰ ਰੋਜ਼ਗਾਰ ਲੈਣ ਲਈ ਸਹਿਯੋਗ ਅਤੇ ਨਿਰਦੇਸ਼ ਦੀ ਲੋੜ ਹੈ। ਪ੍ਰੋਜੈਕਟ ਨੇ ਮਹੱਤਵਪੂਰਨ ਪ੍ਰਗਤੀ ਕੀਤੀ ਹੈ, 282 ਵਿਅਕਤੀਆਂ ਦਾ ਮੁਲਾਂਕਣ ਅਤੇ ਸਹਿਯੋਗ ਤੇ ਨਿਰਦੇਸ਼ ਪ੍ਰਦਾਨ ਕੀਤਾ ਹੈ, ਜਦਕਿ ਹੋਰ 48 ਵਿਅਕਤੀਆਂ ਨੇ ਪ੍ਰੋਜੈਕਟ ਦੇ ਰਾਹੀਂ ਰੋਜ਼ਗਾਰ ਪ੍ਰਾਪਤ ਕੀਤਾ ਹੈ। ਵਰਕ ਪਲੇਸਮੈਂਟਾਂ ਬਹੁਤ ਸਫਲ ਰਹੀਆਂ, ਦੋਵੇਂ ਸਿਖਾਂਦਰੂਆਂ ਅਤੇ ਇਮਪਲਇਰਾਂ ਲਈ ਸਕਾਰਾਤਮਕ ਨਤੀਜਿਆਂ ਦੇ ਨਾਲ। ਹੁਣ ਤਕ 15 ਪਲੇਸਮੈਂਟਾਂ ਪੂਰੀ ਹੋ ਚੁਕੀਆਂ ਹਨ ਅਤੇ ਪਲੈਸਮੈਂਟਾਂ ਨਵੇਂ ਸਾਲ ਵਿੱਚ ਕਰਨ ਲਈ ਗਲਬਾਤ ਚਲ ਰਹੀ ਹੈ।

ਹਾਊਸਿੰਗ ਅਤੇ ਪਬਲਿਕ ਸੈਕਟਰ ਇਮਪਲਾਇਰਾਂ ਲਈ ਇਸ ਪ੍ਰੋਜੈਕਟ ਰਾਹੀ ਪੇਸ਼ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਲਾਭ ਚੁੱਕਣ ਲਈ ਇਹ ਇੱਕ ਵਧੀਆ ਮੌਕਾ ਹੈ।

ਨਾਲ ਹੀ, ਪ੍ਰੋਜੇਕਟ ਪੂਰੀ ਕੋਸ਼ਿਸ਼ ਕਰਦਾ ਹੈ ਕਿ ਆਪਣੀਆਂ ਸੇਵਾਵਾਂ ਨੂੰ ਗਾਹਕ ਦੀਆਂ ਲੋੜਾਂ ਦੇ ਮੁਤਾਬਿਕ ਬਣਾਏ। ਪਛਾਣ ਕੀਤੇ ਜਾਂਦੇ ਵਿਅਕਤੀਆਂ ਦੀਆਂ ਸਿਖਿਅਕ ਲੋੜਾਂ ਨੂੰ ਟਰੇਨਿੰਗ ਸੈਸ਼ਨਾਂ ਰਾਹੀ ਪੂਰਾ ਕੀਤਾ ਜਾਂਦਾ ਹੈ।

ਪ੍ਰੋਜੈਕਟ ਦੇ ਰਾਹੀ, ਗਾਹਕ ਕੇਵਲ ਆਪਣੇ ਖੁਦ ਦੇ ਜੀਵਨ ਹੀ ਨਹੀਂ ਬਲਕਿ ਆਪਣੇ ਪਰਿਵਾਰਾਂ ਅਤੇ ਲੋਕਲ ਕਮਿਊਨਿਟੀਆਂ ਦਾ ਵੀ ਜੀਵਨ ਸੁਧਾਰਦੇ ਹਨ। ਉਨਾਂ ਨੇ ਵਾਧੂ ਹੁਨਰ, ਭਰੋਸਾ ਅਤੇ ਵਿੱਤੀ ਸੁਤੰਤਰਤਾ ਪ੍ਰਾਪਤ ਕੀਤੀ ਹੈ ਅਤੇ ਉਹ ਹੋਰ ਲੋਕਾਂ ਲਈ ਮਿਸਾਲ ਬਣੇ ਹਨ। BME ਇਹ ਨਿਸ਼ਚਿਤ ਕਰਦੇ ਹੋਏ ਕਿ ਉਸ ਦੀਆਂ ਸੇਵਾਵਾਂ BME ਵਿਅਕਤੀਆਂ ਦੀਆਂ ਲੋੜਾਂ ਅਤੇ ਨਾਲ ਹੀ ਸਮਾਜ ਦੀਆਂ ਵੱਡੀਆਂ ਲੋੜਾਂ ਨਾਲ ਵੀ ਸਾਰਥਕ ਰਹਿਣ, ਪ੍ਰੋਜੈਕਟ ਇਸ ਸਫਲਤਾ ਨੂੰ ਬਣਾਏ ਰਖੇਗਾ।

ਜੇ ਤੁਸੀਂ ਜਾਂ ਕਿਸੇ ਨੂੰ ਤੁਸੀਂ ਜਾਣਦੇ ਹੋ ਜੋ ਪ੍ਰੋਜੇਕਟ ਤੋਂ ਲਾਭ ਚੁਕ ਸਕਦਾ ਹੈ, ਤਾਂ ਕਿਰਪਾ ਕਰਕੇ Rana Sallam ਨੂੰ 0131 444 4953 ਉਤੇ ਜਾਂ rsallam@trustha.org.uk ਉਤੇ ਸੰਪਰਕ ਕਰੋ, ਜਾਂ ਸਾਡੀ ਵੈਬਸਾਈਟ: www.EqualityScotland.com ਉਤੇ ਜਾਓ

# ਹੈਪੀ ਟੂ ਟਰਾਂਸਲੇਟ ਨੇ ਇੰਗਲੈਂਡ ਵਿੱਚ ਪਹਿਲੇ ਮੈਂਬਰ ਨਾਲ ਸਹੀ ਪਾਈ

ਹੈਪੀ ਟੂ ਟਰਾਂਸਲੇਟ ਉਦਮ ਨੇ UK ਭਰ ਦੇ ਉਦਮ ਵਜੋਂ ਪਛਾਣ ਬਣਾ ਕੇ ਸਕਾਟਲੈਂਡ ਨਾਲ ਆਪਣੇ ਪਹਿਲੇ ਮੈਂਬਰ ਵਜੋਂ ਸਹੀ ਪਾ ਕੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਪੈਰਾਡੀਮ ਹਾਊਸਿੰਗ ਐਸੋਸੀਏਸ਼ਨ ਸਾਡੀ ਪਹਿਲੀ ਇੰਗਲਿਸ਼ ਮੈਂਬਰ ਬਣੀ ਹੈ। ਅਸੀ ਪੈਰਾਡੀਮ ਹਾਊਸਿੰਗ ਐਸੋਸੀਏਸ਼ਨ ਦਾ ਨਿੱਘਾ ਸੁਆਗਤ ਕਰਦੇ ਹਾਂ ਅਤੇ UK ਦੀਆਂ ਹੋਰ ਸੰਸਥਾਵਾਂ ਦਾ ਰਾਹ ਵੇਖਦੇ ਹਾਂ ਕਿ ਉਹ ਹੈਪੀ ਟੂ ਟਰਾਂਸਲੇਟ ਉਦਮ ਦੇ ਮੈਂਬਰ ਬਣਨ।

ਹੁਣ ਦੇ ਵਾਧੇ ਦੇ ਨਾਲ ਮੈਂਬਰ ਸੰਸਥਾਵਾਂ ਦੀ ਗਿਣਤੀ 29 ਹੋ ਗਈ ਹੈ।
ਅਸੀ ਹੇਠ ਲਿਖੇ ਨਵੇਂ ਮੈਂਬਰਾਂ ਦਾ ਸੁਆਗਤ ਕਰਦੇ ਹਾਂ:

**ਪੈਨਟਲੈਂਡ ਹਾਊਸਿੰਗ ਐਸੋਸੀਏਸ਼ਨ**
**ਕੈਇਰਨ ਹਾਊਸਿੰਗ ਐਸੋਸੀਏਸ਼ਨ**
**ਕਿੰਗਡਮ ਹਾਊਸਿੰਗ ਐਸੋਸੀਏਸ਼ਨ**
**ਕੁਇਨ ਕਰਾਸ ਹਾਊਸਿੰਗ ਐਸੋਸੀਏਸ਼ਨ**
**ਕਲਾਈਡ ਵੈਲੀ ਹਾਊਸਿੰਗ ਐਸੋਸੀਏਸ਼ਨ**
**ਨਾਰਥ ਗਲੈਸਗੋਅ ਹਾਊਸਿੰਗ ਐਸੋਸੀਏਸ਼ਨ**

ਹੈਪੀ ਟੂ ਟਰਾਂਸਲੇਟ ਟੀਮ ਨੇ ਆਪਣੇ ਉਦਮ ਬਾਰੇ ਦੇਸ਼ ਭਰ ਵਿੱਚ ਕਈ ਪ੍ਰਦਰਸ਼ਨੀਆਂ, ਕਾਨਫਰੰਸਾਂ ਅਤੇ ਕਮਿਊਨਿਟੀ ਸਮਾਗਮਾਂ ਵਿੱਚ ਪ੍ਰਦਰਸ਼ਨ ਕੀਤਾ ਸੀ। ਟੀਮ ਇਸ ਉਦਮ ਨੂੰ ਲਗਾਤਾਰ ਵਧਾ ਰਹੀ ਹੈ ਅਤੇ ਹੋਰ ਵਿਕਾਸ ਕਰ ਰਹੀ ਹੈ ਜਿਸ ਨਾਲ ਵਰਤੋਂ ਕਰਨ ਵਾਲਿਆਂ ਨੂੰ ਇੱਕ ਵਧੀਆ ਸੇਵਾ ਮਿਲੇਗੀ।

HTT ਚੇਅਰ, Helen Murdoch ਨੇ HTT ਮੈਂਬਰ ਸੰਸਥਾਵਾਂ ਦੀ ਨਵੀਂ ਲੌਬੀ ਦੇ ਹਿੱਸੇ ਵਜੋਂ ਸਕਾਟਿਸ਼ ਸਰਕਾਰ ਨੂੰ ਲਿਖਿਆ ਹੈ, ਸਕਾਟਲੈਂਡ ਵਿੱਚ ਇੱਕ ਰੇਗੁਲੇਟਰੀ ਸੰਸਥਾ ਦੀ ਸਥਾਪਨਾ ਦੇ ਅਭਿਯਾਨ ਲਈ, ਤਰਜਮੇ ਅਤੇ ਅਨੁਵਾਦ ਸੇਵਾਵਾਂ ਵਿੱਚ ਪੱਧਰਾਂ ਦਾ ਨਿਰੀਖਣ ਕਰਨ ਲਈ।

ਅਸੀ ਸਕਾਟਿਸ਼ ਸਰਕਾਰ ਦੇ ਆਭਾਰੀ ਹਾਂ ਕਿ ਉਸਨੇ ਆਪਣੇ ਰੇਸ, ਰਿਲੀਜ਼ਨ ਅਤੇ ਰਿਫੂਜੀ ਇੰਟੀਗਰੇਸ਼ਨ ਫੰਡਿੰਗ ਵਿਚੋਂ 2008-09 ਦੇ HTT ਪ੍ਰੋਜੈਕਟ ਲਈ £46,536 ਦੀ ਫੰਡਿਗ ਪ੍ਰਦਾਨ ਕੀਤੀ।

ਜੇ ਤੁਸੀਂ 'ਹੈਪੀ ਟੂ ਟਰਾਂਸਲੇਟ' ਉਦਮ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੋ ਜਾਂ ਮੈਂਬਰਸ਼ਿਪ ਲਈ ਅਰਜ਼ੀ ਭਰਨਾ ਚਾਹੋ, ਕਿਰਪਾ ਕਰਕੇ 'ਹੈਪੀ ਟੂ ਟਰਾਂਸਲੇਟ' ਸਪੋਰਟ ਟੀਮ ਨੂੰ 0131-444 4950/4951/4981 ਉਤੇ ਸੰਪਰਕ ਕਰੋ ਜਾਂ www.happytotranslate.com ਦੀ ਵੈਬਸਾਈਟ ਤੇ ਜਾਓ

HAPPY TO TRANSLATE
(ਹੈਪੀ ਟੂ ਟਰਾਂਸਲੇਟ)

# ਲਾਟਰੀ ਵਜੋਂ ਫੰਡ ਕੀਤਾ ਗਿਆ ਓਲਡਰ ਪੀਪਲ ਸਰਵਿਸਿਸ ਡਿਵਲਪਮੈਂਟ ਪ੍ਰੋਜੈਕਟ £100K ਤੋਂ ਉਤੇ ਗਿਆ

ਦੀ ਓਲਡਰ ਪੀਪਲ ਸਰਵਿਸਿਸ ਡਿਵਲਪਮੈਂਟ ਪ੍ਰੋਜੈਕਟ ਨੇ ਇੱਕ ਵਧੀਆ ਸ਼ੁਰੂਆਤ ਕੀਤੀ ਹੈ, ਆਪਣੇ ਪਹਿਲੇ ਸਾਲ ਵਿੱਚ ਹੀ £100,000 ਤੋਂ ਉਤੇ ਗਿਆ। ਪ੍ਰੋਗਰਾਮ ਹੁਣ ਤਕ 185 ਬਜ਼ੁਰਗ ਲੋਕਾਂ ਤੋਂ ਵੱਧ ਨੂੰ ਬੈਨਿਫਿਟ ਚੈਕ ਪ੍ਰਦਾਨ ਕਰ ਚੁਕਾ ਹੈ - ਆਪਣੇ ਪਹਿਲੇ ਸਾਲ ਵਿੱਚ 100 ਲੋਕਾਂ ਦੇ ਆਪਣੇ ਸ਼ੁਰੂਆਤੀ ਟੀਚੇ ਤੋਂ ਤਕਰੀਬਨ ਦੁਗਣਾ।

ਹੁਣ ਤਕ, ਪ੍ਰੋਜੈਕਟ ਬਜ਼ੁਰਗ BME ਲੋਕਾਂ ਦੇ ਬੈਨਿਫਿਟਾਂ ਲਈ ਕੁਲ £102,556.39 ਦਾ ਪ੍ਰਬੰਧ ਕਰ ਚੁੱਕਾ ਹੈ।

ਇਸ ਸਮੇਂ ਦੌਰਾਨ, ਪ੍ਰੋਜੈਕਟ ਮਾਰਕੀਟਿੰਗ ਗਤੀਵਿਧੀਆਂ ਵਿੱਚ ਰੁੱਝਿਆ ਰਿਹਾ ਹੈ, ਜਿਸ ਵਿੱਚ ਛੇ ਸਮਾਗਮਾਂ ਵਿੱਚ ਆਪਣੀਆਂ ਸੇਵਾਵਾਂ ਦਾ ਪ੍ਰਚਾਰ ਕਰਨਾ ਸ਼ਾਮਲ ਹੈ। ਮਾਰਕੀਟਿੰਗ ਉਦਮ ਬਹੁਤ ਅਸਰਦਾਰ ਸਾਬਿਤ ਹੋਇਆ, ਜਿਸ ਕਰਕੇ ਕਈ ਨਵੇਂ ਰੈਫਰਲ (ਤਜਵੀਜ਼ਾ) ਆਏ। ਇਸ ਸਾਲ ਪ੍ਰੋਜੈਕਟ ਦੇ ਦੋਵੇ ਕੋਆਰਡੀਨੇਟਰਾਂ ਨੇ ਏਲਡਰਲੀ ਡੇਅ ਕੇਅਰ ਸੈਂਟਰਾਂ ਅਤੇ BME ਕਮਿਉਨਿਟੀਆਂ ਨਾਲ ਕੰਮ ਕਰ ਰਹੀ ਸਵੈ-ਸੇਵੀ ਸੈਕਟਰ ਸੰਸਥਾਵਾਂ ਦੇ ਵਿੱਚ 34 ਸਰਜਰੀਆਂ ਕੀਤੀਆਂ।

ਇਸ ਤੋਂ ਇਲਾਵਾ, ਪ੍ਰੋਜੈਕਟ ਬਜ਼ੁਰਗ BME ਲੋਕਾਂ ਦੀ ਹੋਰ ਸੇਵਾਵਾਂ ਵਿੱਚ ਪਹੁੰਚ ਕਰਨ ਵਿੱਚ ਮਦਦ ਕਰਨ ਵਿੱਚ, ਸਫਲ ਰਿਹਾ ਹੈ ਜਿਵੇਂ ਕਿ ਹਾਉਸਿੰਗ, ਹੋਮ ਐਡਾਪਟੇਸ਼ਨ, ਟੈਕਸੀ ਕਾਰਡ, ਵਿਕਲਾਂਗ ਪਾਰਕਿੰਗ ਬੈਜ, ਕੇਅਰ ਤੇ ਰਿਪੇਅਰ, ਸੈਂਟਰਲ ਹੀਟਿੰਗ ਪ੍ਰੋਗਰਾਮ ਅਤੇ ਬਸ ਪਾਸ।




ਸਾਲ ਖਤਮ ਹੋਣ ਉਤੇ ਹੈ ਅਤੇ ਅਸੀ ਬਿਗ ਲਾਟਰੀ ਫੰਡ ਨੂੰ ਆਪਣੀ ਪਹਿਲੀ ਸਾਲਾਨਾ ਰਿਪੋਰਟ ਪੇਸ਼ ਕਰਨ ਜਾ ਰਹੇ ਹਾਂ। ਅਸੀਂ ਅਗਲੇ ਸਾਲ ਵਿੱਚ ਸਕਾਟਲੈਂਡ ਦੇ ਹੋਰ ਹਿੱਸਿਆਂ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੇ ਹਾਂ। ਅਸੀਂ ਜਿੰਨਾ ਸੰਭਵ ਹੋ ਸਕੇਗਾ ਉਨਾਂ BME ਬਜ਼ੁਰਗ ਲੋਕਾਂ ਤਕ ਪਹੁੰਚ ਕਰਨਾ ਚਾਹਾਂਗੇ, ਖਾਸ ਕਰ ਜੋ ਬਾਹਰੀ ਸਕਾਟਲੈਂਡ ਵਿੱਚ ਰਹਿੰਦੇ ਹਨ ਜਿੰਨਾਂ ਨੂੰ ਸਾਡੀਆਂ ਸੇਵਾਵਾਂ ਬਾਰੇ ਪਤਾ ਨਾ ਹੋਵੇ।

ਇਸ ਸਮੇਂ ਕੋ-ਆਰਡੀਨੇਟਰ ਨਵੇਂ ਸਥਾਨਾਂ ਉਤੇ ਡੇਅ-ਕੇਅਰ ਸੈਂਟਰਾਂ ਅਤੇ ਕਮਿਉਨਿਟੀ ਸੰਸਥਾਵਾਂ ਨਾਲ ਸਾਂਝੇਦਾਰੀ ਵਿੱਚ ਨਵੀਆਂ ਸਰਜਰੀਆਂ ਕਰਨ ਦੀ ਯੋਜਨਾ ਬਣਾ ਰਹੇ ਹਨ। ਇਨਾਂ ਸਰਜ਼ਰੀਆਂ ਬਾਰੇ ਜਾਣਕਾਰੀ ਦੀ ਮਸ਼ਹੂਰੀ ਲੋਕਲ ਕਮਿਉਨਿਟੀਆਂ ਵਿੱਚ ਕੀਤੀ ਜਾਵੇਗੀ।

ਜੇ ਤੁਸੀਂ 60 ਸਾਲ ਦੀ ਉਮਰ ਜਾਂ ਉਤੇ ਹੋ ਜਾਂ ਕਿਸੇ ਨੂੰ ਜਾਣਦੇ ਹੋ ਜੋ ਬੈਨਿਫਿਟਾਂ, ਹਾਉਸਿੰਗ ਜਾਂ ਹੋਰ ਸੇਵਾਵਾਂ ਬਾਰੇ ਸਲਾਹ ਤੋਂ ਲਾਭ ਲੈ ਸਕੇ, ਤਾਂ ਕਿਰਪਾ ਕਰਕੇ ਜਾਣਕਾਰੀ ਲੈਣ ਲਈ Neeru (0131 444 4952) ਜਾਂ Anthony (0131 444 4941) ਨੂੰ ਸੰਪਰਕ ਕਰੋ।

ਦੇਰੀ ਨਾ ਕਰੋ ਅਤੇ ਲਾਭਾਂ ਤੋਂ ਵਾਂਝੇ ਨਾ ਰਹੋ।

ਅਸੀਂ ਮਦਦ ਕਰਾਂਗੇ ਭਾਵੇਂ ਤੁਸੀਂ ਸਕਾਟਲੈਂਡ ਵਿੱਚ ਜਿਥੇ ਵੀ ਰਹਿੰਦੇ ਹੋ।

**EDINBURGH**
Trust HA
12 New Mart Road
Edinburgh EH14 1RL
Tel: 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
Tel: 0131 557 0598
www.hsha.org.uk

Bield HA
79 Hopetoun Street
Edinburgh EH7 4QF
Tel: 0131 273 4000
www.bield.co.uk

**GLASGOW**
Trust HA
25 Park Circus
Glasgow G3 6AP
Tel: 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel: 0141 353 1353
www.hsha.org.uk

Bield HA
12 Somerset Place
Glasgow G3 7JT
Tel: 0141 270 7200
www.bield.co.uk

**DUNDEE**
Bield HA
Kingsburn Court
Pitalpin Street, Dundee
Angus, DD2 2TY
Tel: 01382 612307
www.bield.co.uk

**ARRAN**
Isle of Arran Homes
Springbank, Brodick
Isle of Arran KA27 8BE
Tel: 01770 303700
Fax: 01770 303701

**ELGIN**
Hanover (Scotland)
Housing Association Ltd
12 Institution Road
Elgin IV30 1QX
Tel: 01343 548585
Fax: 01343 549519

## ਸਾਨੂੰ ਦੱਸੋ ਕਿ ਤੁਸੀਂ ਸਕਾਟਲੈਂਡ ਵਿੱਚ ਉਪਭੋਗਤਾ ਮੁੱਦਿਆਂ ਬਾਰੇ ਕੀ ਸੋਚਦੇ ਹੋ - ਸਾਡੇ ਨੈਟਵਰਕ ਵਿੱਚ ਸ਼ਾਮਿਲ ਹੋਵੋ।

ਸਕਾਟਲੈਂਡ ਭਰ ਦੇ ਪੈਨਲ ਵਿੱਚ ਵਲੰਟੀਅਰ ਵਜੋਂ ਸ਼ਾਮਲ ਹੋਣ ਲਈ ਇੱਕ ਅਪੀਲ ਜਾਰੀ ਕੀਤੀ ਗਈ ਹੈ ਤਾਂ ਜੋ ਇਹ ਨਿਸ਼ਚਿਤ ਹੋ ਸਕੇ ਕਿ ਸਕਾਟਲੈਂਡ ਵਿੱਚ ਉਪਭੋਗਤਾਵਾਂ ਦੀ ਆਵਾਜ਼ ਸੁਣੀ ਜਾ ਸਕੇ। ਕਨਸਿਊਮਰ ਨੈਟਵਰਕ, ਉਤਸ਼ਾਹਿਤ ਕਰਨਾ ਚਾਹੇਗਾ ਕਿ ਸਾਰੇ ਸਕਾਟਲੈਂਡ ਤੋਂ ਜਿਆਦਾ ਲੋਕ ਨੈਟਵਰਕ ਵਿੱਚ ਸ਼ਾਮਿਲ ਹੋਣ, ਤਾਂ ਕਿ ਲੋਕਲ ਕਮਿਊਨਿਟੀਆਂ ਦੀਆਂ ਲੋੜਾਂ ਅਤੇ ਅਨੁਭਵਾਂ ਨੂੰ ਚੰਗੀ ਤਰਾਂ ਸੁਣਿਆ ਜਾ ਸਕੇ:

ਕੋਈ ਵੀ ਜੋ ਕਨਸਿਊਮਰ ਨੈਟਵਰਕ ਵਿੱਚ ਸ਼ਾਮਿਲ ਹੋਣ ਲਈ ਇੱਛਕ ਹੋਵੇ, ਉਹ ਸੰਪਰਕ ਕਰੇ:

**Gill MacGregor, ਕਨਸਿਊਮਰ ਨੈਟਵਰਕ ਕੋ-ਆਰਡੀਨੇਟਰ**
**ਕਨਸਿਊਮਰ ਫੋਕਸ ਸਕਾਟਲੈਂਡ**
**ਟੈਲੀਫੋਨ: 0141 227 6462**
**ਈ ਮੇਲ: gill.macgregor@consumerfocus-scotland.org.uk**
**ਵੈਬਸਾਈਟ: www.consumerfocus-scotland.org.uk**

## ਇਕੁਅਲ ਓਪਰਚਿਊਨਿਟੀਜ਼ ਟੀਮ

"ਇਕੁਅਲ ਓਪਰਚਿਊਨਿਟੀਜ਼ ਪ੍ਰੋਗਰਾਮ"

**Rohini Sharma Joshi,** ਹਾਊਸਿੰਗ ਇਕੁਅਲ ਓਪਰਚਿਊਨਿਟੀਜ਼ ਮੈਨੇਜਰ
ਫੋਨ: 0131 444 4950, ਈ-ਮੇਲ: rsharma@trustha.org.uk

**Tamiko Mackie,** "ਹੈਪੀ ਟੂ ਟਰਾਂਸਲੇਟ" ਪਾਲਿਸੀ ਐਂਡ ਓਪਰੇਸ਼ਨਸ ਅਫਸਰ
ਫੋਨ: 0131 444 4951, ਈ-ਮੇਲ: tmackie@trustha.org.uk

**Neeru Bhatnagar,** ਓਲਡਰ ਪੀਪਲ ਸਰਵਿਸਿਸ ਕੋ ਆਰਡੀਨੇਟਰ
ਫੋਨ: 0131 444 4952, ਈ-ਮੇਲ: neerub@trustha.org.uk

**Anthony Li Chu,** ਓਲਡਰ ਪੀਪਲ ਸਰਵਿਸਿਸ ਕੋ ਆਰਡੀਨੇਟਰ
ਫੋਨ: 0131 444 4941, ਈ-ਮੇਲ: lchu@trustha.org.uk

**Shubham Sikka,** "ਹੈਪੀ ਟੂ ਟਰਾਂਸਲੇਟ" ਡਿਵਲਪਮੈਂਟ ਐਂਡ ਮਾਰਕੀਟਿੰਗ ਅਫਸਰ
ਫੋਨ: 0131 444 4981, ਈ-ਮੇਲ: ssikka@trustha.org.uk

**Rana Sallam,** ਜੌਬ ਓਪਰਚਿਊਨਿਟੀਜ਼ ਸਪੋਰਟ ਅਫਸਰ
ਫੋਨ: 0131 444 4953, ਈ-ਮੇਲ: rsallam@trustha.org.uk

**Gaurav Bakshi**, ਪ੍ਰਬੰਧਕੀ ਸਹਾਇਕ (Administrative Assistant)
ਫੋਨ: 0131 444 4942, ਈ-ਮੇਲ: gauravb@trustha.org.uk

## ਸਰਜਰੀਆਂ/ ਜਾਣਕਾਰੀ

ਕੀ ਤੁਸੀਂ 60+ ਹੋ ਅਤੇ ਬਜ਼ੁਰਗ ਲੋਕਾਂ ਲਈ ਸੇਵਾਵਾਂ ਬਾਰੇ ਸਲਾਹ ਚਾਹੋਗੇ ਜਿਸ ਵਿੱਚ ਹਾਊਸਿੰਗ ਅਤੇ ਬੈਨਿਫਿਟ ਸ਼ਾਮਲ ਹੈ? ਦਿੱਤੀ ਜਾਣ ਵਾਲੀ ਸਲਾਹ ਗੁਪਤ ਹੋਵੇਗੀ, ਤੁਹਾਡੀ ਭਾਸ਼ਾ ਵਿੱਚ ਅਤੇ ਉਸ ਥਾਂ ਉਤੇ ਹੋਵੇਗੀ ਜੋ ਤੁਹਾਡੀ ਸਹੂਲੀਅਤ ਵਿੱਚ ਹੋਵੇ।

ਕਿਰਪਾ ਕਰਕੇ ਜਾਣਕਾਰੀ ਲੈਣ ਲਈ Neeru ਜਾਂ Anthony ਨੂੰ ਇਸ ਨੰਬਰ ਤੇ 0131 444 4952/4941 ਸੰਪਰਕ ਕਰੋ।

ਇਹ ਸੂਚਨਾ ਪੱਤਰ **ਟਰਸਟ, ਹਾਨੋਵਰ (ਸਕਾਟਲੈਂਡ)** ਅਤੇ **ਬੀਲਡ ਹਾਊਸਿੰਗ ਐਸੋਸੀਏਸ਼ਨ** ਵਲੋਂ ਸਾਂਝਾ ਪ੍ਰਕਾਸ਼ਨ ਹੈ। ਪਿਛਲੇ ਅੰਕ **www.EqualityScotland.com** ਉਤੇ ਵੇਖੇ ਜਾ ਸਕਦੇ ਹਨ। ਜੇ ਤੁਸੀਂ ਟਿੱਪਣੀਆਂ ਜਾਂ ਸੁਝਾਅ ਦੇਣਾ ਚਾਹੋਗੇ, ਜਾਂ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਪ੍ਰੋਗਰਾਮ ਜਾਂ ਪ੍ਰੋਜੈਕਟ ਪ੍ਰਕਾਸ਼ਨਾ ਲਈ ਵਿਚਾਰਿਆ ਜਾਵੇ, ਕਿਰਪਾ ਕਰਕੇ ਸੰਪਰਕ ਕਰੋ:

**Equal Opportunities Programme**
**12 New Mart Road, Edinburgh EH14 1RL**
**Tel: 0131 444 4942 Fax: 0131 444 4949**

**www.EqualityScotland.com**